News Release
FOR IMMEDIATE RELEASE

# 2023 ਵਿੱਚ FortisBC ਦੀਆਂ ਗੈਸ ਲਾਈਨਾਂ ਨੂੰ ਹੋਣ ਵਾਲੇ ਨੁਕਸਾਨਾਂ ਵਿੱਚ ਗਿਰਾਵਟ ਕਿਉਂਕਿ ਪਹਿਲੇ ਨਾਲੋਂ ਜਾਦਾ ਬ੍ਰਿਟਿਸ਼ ਕੋਲੰਬੀਅਨ ਖੁਦਾਈ ਤੋਂ ਪਹਿਲਾਂ ਕਲਿੱਕ ਜਾਂ ਕਾਲ ਕਰ ਰਹੇ ਹਨ

**2023 ਵਿੱਚ ਜ਼ਮੀਨ ਹੇਠਾਂ ਦੀਆਂ ਗੈਸ ਲਾਈਨਾਂ ਨੂੰ ਹੋਣ ਵਾਲੇ ਲਗਭਗ 70 ਪ੍ਰਤੀਸ਼ਤ ਨੁਕਸਾਨ ਉਹਨਾਂ ਜ਼ਮੀਨ ਖੋਦਣ ਵਾਲਿਆਂ ਦੇ ਹਨ ਜਿਨ੍ਹਾਂ ਕੋਲ BC 1 Call ਟਿਕਟ ਨਹੀਂ ਸੀ**

---

**Vancouver, B.C. – April 15, 2024:** ਅਪ੍ਰੈਲ ਨੂੰ ਸੁਰੱਖਿਅਤ ਖੁਦਾਈ ਮਹੀਨਾ ਮੰਨਿਆ ਜਾਂਦਾ ਹੈ, ਇਸ ਲਈ FortisBC Energy Inc. (FortisBC) ਅਤੇ BC 1 Call ਬਸੰਤ ਦੇ ਬਾਗ ਦੇ ਕੰਮ ਸ਼ੁਰੂ ਕਰਨ ਤੋਂ ਪਹਿਲਾਂ ਖੁਦਾਈ ਜਾਂ ਜ਼ਮੀਨ ਨੂੰ ਕਿਸੇ ਵੀ ਤਰ੍ਹਾਂ ਪ੍ਰੇਸ਼ਾਨ ਕਰਨ ਤੋਂ ਪਹਿਲਾਂ ਨਿਵਾਸੀਆਂ ਅਤੇ ਠੇਕੇਦਾਰਾਂ ਨੂੰ BC 1 Call 'ਤੇ ਕਲਿੱਕ ਜਾਂ ਕਾਲ ਕਰਨ ਲਈ ਕਹਿ ਰਹੇ ਹਨ। ਜ਼ਮੀਨ ਹੇਠਾਂ ਗੈਸ ਲਾਈਨਾਂ ਦੀ ਸਥਿਤੀ ਜਾਣਨਾ ਵਿਅਕਤੀਗਤ ਸੱਟ ਦੇ ਜੋਖਮ ਨੂੰ ਘਟਾਉਂਦਾ ਹੈ, ਜ਼ਰੂਰੀ ਸੇਵਾਵਾਂ ਵਿੱਚ ਅੜਚਨ ਪਾਉਣ ਤੋਂ ਬਚਾਉਂਦਾ ਹੈ ਅਤੇ ਮਹਿੰਗੀ ਮੁਰੰਮਤ ਤੋਂ ਵੀ ਬਚਾਉਂਦਾ ਹੈ।

2023 ਵਿੱਚ, FortisBC ਨੂੰ ਜ਼ਮੀਨ ਹੇਠਾਂ ਗੈਸ ਲਾਈਨਾਂ ਦੇ ਨੁਕਸਾਨ ਦੇ 844 ਮਾਮਲੇ ਦੇਖਣ ਨੂੰ ਮਿਲੇ। ਇਨ੍ਹਾਂ ਘਟਨਾਵਾਂ ਦੇ ਲਗਭਗ 70 ਪ੍ਰਤੀਸ਼ਤ ਉਹ ਸੀ ਜਿਹੜੇ ਖੁਦਾਈ ਕਰਨ ਤੋਂ ਪਹਿਲਾਂ BC 1 Call ਨੂੰ ਸੰਪਰਕ ਕਰਨ ਤੋਂ ਬਗੈਰ ਕੀਤੇ ਗਏ ਸਨ। ਬਾਕੀ 30 ਪ੍ਰਤੀਸ਼ਤ ਮਾਮਲਿਆਂ ਵਿੱਚ, ਜ਼ਿਆਦਾਤਰ ਨੇ ਮੁਹੱਈਆ ਕੀਤੀ ਗਈ ਜਾਣਕਾਰੀ ਦਾ ਉਚਿਤ ਢੰਗ ਨਾਲ ਇਸਤੇਮਾਲ ਨਹੀਂ ਕੀਤਾ ਜਾਂ ਪਹਿਲਾਂ ਹੱਥ ਨਾਲ ਖੁਦਾਈ ਨਹੀਂ ਕੀਤੀ।

2023 ਵਿੱਚ ਦਰਜ ਕੀਤੇ ਗਏ ਨੁਕਸਾਨ ਦੀਆਂ ਘਟਨਾਵਾਂ ਵਿੱਚ, ਲਾਈਨ ਸਟ੍ਰਾਈਕਸ ਦਾ ਸਭ ਤੋਂ ਵੱਡਾ ਪ੍ਰਤੀਸ਼ਤ ਮੈਟਰੋ ਵੈਨਕੂਵਰ ਵਿੱਚ ਹੈ ਜੋ ਕਿ 327 (38.7 %) ਹੈ, ਇਸ ਤੋਂ ਬਾਅਦ ਥੌਮਸਨ ਓਕਾਨਾਗਨ 183 (21.6 %) ਅਤੇ ਵੈਨਕੂਵਰ ਆਈਲੈਂਡ 132 (15.6 %) ਹੈ। ਵਿਅਕਤੀਗਤ ਨਗਰ ਨਿਗਮਾਂ ਲਈ, ਸਿਟੀ ਆਫ਼ ਸਰੀ ਨੇ 2023 ਵਿੱਚ 64 ਨੁਕਸਾਨ (7.5 %) ਦੀ ਰਿਪੋਰਟ ਕੀਤੀ, ਜਿਸ ਨੇ ਇਸ ਨੂੰ ਸਭ ਤੋਂ ਵੱਧ ਘਟਨਾਵਾਂ ਵਾਲਾ ਸ਼ਹਿਰ ਬਣਾਇਆ, ਇਸ ਤੋਂ ਬਾਅਦ ਸਿਟੀ ਆਫ਼ ਵੈਨਕੂਵਰ 58 (6.8 %), ਕੇਲੋਨਾ 41 (4.8 %), ਬਰਨਬੀ 38 (4.5 %) ਅਤੇ ਨਾਰਥ ਵੈਨਕੂਵਰ 33 (3.9 %) ਹੈ।

ਇਹ ਦੇਖਣਾ ਬਹੁਤ ਆਸ਼ਾਜਨਕ ਹੈ ਕਿ ਸਾਡੇ ਨੁਕਸਾਨ ਦੀਆਂ ਘਟਨਾਵਾਂ 2020 ਤੋਂ ਹਰ ਸਾਲ ਲਗਭਗ 10% ਘਟ ਰਹੀਆਂ ਹਨ," ਟਾਨਿਆ ਕੋਵਾਲੇਂਕੋ, ਪ੍ਰੋਗਰਾਮ ਮੈਨੇਜਰ, ਪਬਲਿਕ ਸੇਫਟੀ, FortisBC ਨੇ ਕਿਹਾ। "ਅਸੀਂ ਬ੍ਰਿਟਿਸ਼ ਕੋਲੰਬੀਅਨਾਂ ਨੂੰ ਸੁਰੱਖਿਅਤ ਖੁਦਾਈ ਦੀਆਂ ਵਿਧੀ ਨੂੰ ਸਿੱਖਣ ਅਤੇ ਲਾਗੂ ਕਰਨ ਲਈ ਕੀਤੇ ਜਾ ਰਹੇ ਸਾਰੇ ਕੰਮ ਲਈ ਸਲਾਮ ਕਰਦੇ ਹਾਂ। ਹਾਲਾਂਕਿ, ਇੱਕ ਵੀ ਘਟਨਾ ਬਹੁਤ ਹੈ। ਸਾਡੀਆਂ ਗੈਸ ਲਾਈਨਾਂ ਨੂੰ ਹੋਣ ਵਾਲੇ ਲਗਭਗ 90 ਪ੍ਰਤੀਸ਼ਤ ਨੁਕਸਾਨ ਸੁਰੱਖਿਅਤ ਖੁਦਾਈ ਦੀ ਵਿਧੀ ਦੀ ਪਾਲਣਾ ਕਰਕੇ ਰੋਕੇ ਜਾ ਸਕਦੇ ਹਨ—ਇਸ ਦੀ ਸ਼ੁਰੂਆਤ BC 1 Call ਨੂੰ ਮੁਫਤ ਕਾਲ ਕਰਨ ਨਾਲ ਹੁੰਦੀ ਹੈ।"

BC 1 Call ਆਮ ਜਨਤਾ ਅਤੇ ਠੇਕੇਦਾਰਾਂ ਨੂੰ ਦਿੱਤੀ ਜਾਂਦੀ ਇੱਕ ਮੁਫ਼ਤ ਅਤੇ ਸੁਵਿਧਾਜਨਕ ਸੇਵਾ ਹੈ। ਖੁਦਾਈ ਵਾਲੀ ਜਗ੍ਹਾ ਵਿੱਚ ਪਏ ਆਪਣੇ 363 ਯੂਟਿਲਿਟੀ ਮਾਲਕ ਮੈਂਬਰਾਂ ਨੂੰ ਸੂਚਿਤ ਕਰਨ ਲਈ ਲੋਕੇਟ ਟਿਕਟ ਦੀ ਬੇਨਤੀ ਕਰਨ ਲਈ ਇੱਕ ਤੇਜ਼ ਕਲਿੱਕ ਜਾਂ ਕਾਲ ਹੀ ਕਾਫ਼ੀ ਹੈ। ਇਹ ਕੰਮ BC 1 Call ਦੀ ਵੈਬਸਾਈਟ 'ਤੇ ਜਾ ਕੇ ਜਾਂ 1-800-474-6886 'ਤੇ ਕਾਲ ਕਰ ਕੇ ਕੀਤਾ ਜਾ ਸਕਦਾ ਹੈ। BC 1 Call ਦੇ ਮੈਂਬਰ ਤਿੰਨ ਕਾਰੋਬਾਰੀ ਦਿਨਾਂ ਵਿੱਚ ਤੁਹਾਡੇ ਨਾਲ ਸੰਪਰਕ ਕਰਨਗੇ ਅਤੇ ਜ਼ਮੀਨ ਹੇਠਾਂ ਦੇ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਤੋਂ ਬਚਣ

ਲਈ ਹਦਾਇਤਾਂ ਦੇਣਗੇ। ਬੇਨਤੀਕਰਤਾਓ ਲਈ ਉਨ੍ਹਾਂ ਨੂੰ ਭੇਜੀਆਂ ਗਈਆਂ ਸੁਰੱਖਿਅਤ ਖੁਦਾਈ ਦੀਆਂ ਹਦਾਇਤਾਂ ਦੀ ਪਾਲਣਾ ਕਰਨਾ ਬਹੁਤ ਜ਼ਰੂਰੀ ਹੈ। ਇਸ ਜਾਣਕਾਰੀ ਦੇ ਨਾਲ, ਅਤੇ ਹੋਰ ਸੁਰੱਖਿਅਤ ਖੁਦਾਈ ਦੀਆਂ ਪ੍ਰਥਾਵਾਂ ਨਾਲ, ਵਿਅਕਤੀ ਇੱਕਠੇ ਹੋ ਕੇ ਸੱਟ ਦੇ ਜੋਖਮ ਨੂੰ ਘਟਾ ਸਕਦੇ ਹਨ, ਜ਼ਰੂਰੀ ਸੇਵਾਵਾਂ ਵਿੱਚ ਵਿਘਨ ਪਾਉਣ ਤੋਂ ਬਚ ਸਕਦੇ ਹਨ ਅਤੇ ਮਹਿੰਗੀ ਮੁਰੰਮਤ ਤੋਂ ਬਚ ਸਕਦੇ ਹਨ।

ਜਿਵੇਂ ਜਿਵੇਂ ਗਰਮੀ ਦਾ ਮੌਸਮ ਨੇੜੇ ਆ ਰਿਹਾ ਹੈ, ਲੈਂਡਸਕੇਪਿੰਗ, ਬਾਗਬਾਨੀ ਅਤੇ ਮੁਰੰਮਤ ਦੇ ਪ੍ਰੋਜੈਕਟ ਜਲਦੀ ਹੀ ਪੂਰੇ ਜੋਰ ਸ਼ੋਰ ਨਾਲ ਸ਼ੁਰੂ ਹੋਣ ਵਾਲੇ ਹਨ, ਜਿਸ ਨਾਲ ਜ਼ਮੀਨ ਹੇਠਾਂ ਦੇ ਢਾਂਚੇ ਨੂੰ ਨੁਕਸਾਨ ਦੀਆਂ ਘਟਨਾਵਾਂ ਵਧਣ ਦਾ ਜੋਖਮ ਵਧ ਰਿਹਾ ਹੈ। ਗੈਸ ਲਾਈਨ ਨੂੰ ਨੁਕਸਾਨ ਪਹੁੰਚਾਉਣਾ ਸੰਭਵ ਹੈ, ਭਾਵੇਂ ਇਹ ਬੁਨਿਆਦੀ ਬਾਗਬਾਨੀ ਦੀਆਂ ਗਤੀਵਿਧੀਆਂ ਜਿਵੇਂ ਕਿ ਫਲਦਾਰ ਰੁੱਖ ਜਾਂ ਬਾਰਹਮਾਸੀ ਪੌਦੇ ਲਗਾਉਣ ਤੋਂ ਹੋ ਸਕਦਾ ਹੈ। ਇਸ ਦੇ ਨਾਲ ਹੀ, ਸੂਬੇ ਭਰ ਵਿੱਚ ਗੈਸ ਲਾਈਨਾਂ ਨੂੰ ਹੋਣ ਵਾਲੇ ਲਗਭਗ 75 ਪ੍ਰਤੀਸ਼ਤ ਨੁਕਸਾਨ ਠੇਕੇਦਾਰਾਂ ਦੁਆਰਾ ਕੀਤੇ ਜਾਂਦੇ ਹਨ। ਉਹ ਠੇਕੇਦਾਰ ਜੋ ਔਜ਼ਾਰਾ ਜਾਂ ਮਸ਼ੀਨਰੀ ਨਾਲ ਖੁਦਾਈ ਕਰਦੇ ਹਨ, ਉਨ੍ਹਾਂ ਨੂੰ ਪਹਿਲਾਂ ਹੱਥ ਨਾਲ ਖੁਦਾਈ ਕਰਕੇ ਜ਼ਮੀਨ ਹੇਠਾਂ ਦੀਆਂ ਕਿਸੇ ਵੀ ਛੁਪੀਆਂ ਯੂਟਿਲਿਟੀ ਲਾਈਨਾਂ ਨੂੰ ਪਹਿਲਾਂ ਉਜਾਗਰ ਕਰਨਾ ਜਰੂਰੀ ਹੈ।

2023 ਵਿੱਚ, BC 1 Call ਨੂੰ 229,000 ਤੋਂ ਵੱਧ ਲੋਕੇਟ ਟਿਕਟ ਦੀਆਂ ਬੇਨਤੀਆਂ ਮਿਲੀਆਂ, ਜਿਨ੍ਹਾਂ ਵਿੱਚੋਂ 83 % ਬੇਨਤੀਆਂ ਇਸਦੇ ਆਨਲਾਈਨ ਪਲੇਟਫਾਰਮ ਰਾਹੀਂ ਆਈਆਂ। ਠੇਕੇਦਾਰਾਂ ਨੇ ਲੋਕੇਟ ਟਿਕਟਾਂ ਦੇ ਮਾਮਲੇ ਵਿੱਚ ਅਗਵਾਈ ਕੀਤੀ, ਜੋ ਕਿ 66 % ਸੀ, ਇਸ ਤੋਂ ਬਾਅਦ ਮੈਂਬਰ ਕਰਮਚਾਰੀ 25 % ਅਤੇ ਘਰ ਮਾਲਕ 9 % ਸਨ। BC 1 Call ਨੇ ਰਜਿਸਟਰਡ ਯੂਜ਼ਰਾਂ ਵਿੱਚ ਸਭ ਤੋਂ ਵੱਡਾ ਵਾਧਾ ਵੀ ਦੇਖਿਆ, ਜੋ ਕਿ 17 % ਸੀ, ਜੋ ਹਰ ਮਹੀਨੇ 1,666 ਨਵੇਂ ਉਪਭੋਗਤਾ ਦੇ ਬਰਾਬਰ ਹੈ।

ਹਾਲਾਂਕਿ ਹਰ ਸਾਲ BC 1 Call ਦੇ ਰਜਿਸਟਰਡ ਉਪਭੋਗਤਾ ਦੀ ਗਿਣਤੀ ਵਧ ਰਹੀ ਹੈ, ਪਰ ਅਜੇ ਵੀ ਬਹੁਤ ਸਾਰੇ ਠੇਕੇਦਾਰ, ਲੈਂਡਸਕੇਪਰ ਅਤੇ ਘਰ ਮਾਲਕ ਹਨ ਜੋ ਸੁਰੱਖਿਅਤ ਖੁਦਾਈ ਦੀਆਂ ਪ੍ਰਥਾਵਾਂ ਬਾਰੇ ਜਾਣਕਾਰੀ ਨਹੀਂ ਰੱਖਦੇ, ਜਿਸ ਕਾਰਨ ਅਸੀਂ ਨੁਕਸਾਨ ਦੇਖ ਰਹੇ ਹਾਂ," ਕ੍ਰਿਸ ਹਾਈਲੈਂਡ, ਪ੍ਰਧਾਨ ਅਤੇ ਸੀਈਓ ਆਫ਼ BC 1 Call ਨੇ ਕਿਹਾ। "ਚੂੰਕਿ ਅਪ੍ਰੈਲ ਬੀ.ਸੀ. ਵਿੱਚ ਸੁਰੱਖਿਅਤ ਖੁਦਾਈ ਮਹੀਨਾ ਹੈ, ਅਸੀਂ ਸਾਰੇ ਬ੍ਰਿਟਿਸ਼ ਕੋਲੰਬੀਅਨਾਂ ਨੂੰ ਜ਼ਮੀਨ ਨੂੰ ਪ੍ਰੇਸ਼ਾਨ ਕਰਨ ਤੋਂ ਪਹਿਲਾਂ ਸੁਰੱਖਿਅਤ ਤਰੀਕੇ ਨਾਲ ਖੁਦਾਈ ਕਰਨਾ ਸਿੱਖਣ ਲਈ ਉਤਸ਼ਾਹਿਤ ਕਰ ਰਹੇ ਹਾਂ, ਆਪਣੇ ਲੈਂਡਸਕੇਪਰਾਂ ਅਤੇ ਬਾਹਰੀ DIY ਪ੍ਰੋਜੈਕਟ ਠੇਕੇਦਾਰਾਂ ਨੂੰ ਪੁਸ਼ਟੀ ਕਰਨ ਲਈ ਕਿ ਉਹ BC 1 Call ਦੀ ਵਰਤੋਂ ਅਤੇ ਸੁਰੱਖਿਅਤ ਖੁਦਾਈ ਬਾਰੇ ਗੱਲ ਬਾਤ ਕਰਨਗੇ।"

FortisBC ਅਤੇ BC 1 Call ਸਾਰੇ ਠੇਕੇਦਾਰਾਂ ਨੂੰ ਆਪਣੇ ਕੰਮ ਦੇ ਰੁਟੀਨ ਵਿੱਚ ਸੁਰੱਖਿਅਤ ਖੁਦਾਈ ਦੀਆਂ ਪ੍ਰਥਾਵਾਂ ਨੂੰ ਸ਼ਾਮਲ ਕਰਨ ਅਤੇ ਆਪਣੇ ਕਾਮਿਆਂ ਨੂੰ BC 1 Call ਦੇ ਮੁਫ਼ਤ ਆਨਲਾਈਨ ਪਲੇਟਫਾਰਮ ਦੀ ਮਹੱਤਤਾ ਅਤੇ ਸੁਵਿਧਾ ਬਾਰੇ ਸਿੱਖਿਆ ਦੇਣ ਦੀ ਅਪੀਲ ਕਰਦੇ ਹਨ। ਸੁਰੱਖਿਅਤ ਖੁਦਾਈ ਦੀਆਂ ਪ੍ਰਥਾਵਾਂ ਬਾਰੇ ਹੋਰ ਜਾਣਕਾਰੀ ਲਈ fortisbc.com/digsafe 'ਤੇ ਜਾਓ। ਲੋਕੇਟ ਟਿਕਟ ਦੀ ਬੇਨਤੀ ਕਰਨ ਜਾਂ BC 1 Call ਬਾਰੇ ਹੋਰ ਜਾਣਨ ਲਈ bc1c.ca 'ਤੇ ਜਾਓ।

*ਬੀ.ਸੀ. ਭਰ ਵਿੱਚ ਲਗਭਗ 1,075,595 ਗਾਹਕਾਂ ਨੂੰ ਸੇਵਾਵਾਂ ਮੁਹੱਈਆ ਕਰਦਾ ਹੈ। FortisBC Energy Inc. ਲਗਭਗ 51,200 ਕਿਲੋਮੀਟਰ ਦੀ ਗੈਸ ਟਰਾਂਸਮਿਸ਼ਨ ਅਤੇ ਵਿਤਰਣ ਪਾਈਪਲਾਈਨਾਂ ਦਾ ਮਾਲਕ ਅਤੇ ਸੰਚਾਲਕ ਹੈ। FortisBC Energy Inc. Fortis Inc. ਦੀ ਇੱਕ ਸਹਾਇਕ ਕੰਪਨੀ ਹੈ, ਜੋ ਉੱਤਰੀ ਅਮਰੀਕਾ ਦੇ ਨਿਯਮਿਤ ਇਲੈਕਟ੍ਰਿਕ ਅਤੇ ਗੈਸ ਯੂਟਿਲਿਟੀ ਉਦਯੋਗ ਵਿੱਚ ਇੱਕ ਅਗਵਾਈ ਕਰਨ ਵਾਲੀ ਹੈ। FortisBC Energy Inc. Fortis Inc. ਤੋਂ ਲਾਇਸੰਸ ਅਧੀਨ FortisBC ਦਾ ਨਾਮ ਅਤੇ ਲੋਗੋ ਵਰਤਦਾ ਹੈ। FortisBC ਬਾਰੇ ਹੋਰ ਜਾਣਕਾਰੀ ਲਈ fortisbc.com 'ਤੇ ਜਾਓ। Fortis Inc. ਬਾਰੇ ਹੋਰ ਜਾਣਕਾਰੀ ਲਈ fortisinc.com 'ਤੇ ਜਾਓ।*

BC 1 Call ਖੁਦਾਈ ਕਰਨ ਵਾਲੇ ਭਾਈਚਾਰੇ ਅਤੇ ਜ਼ਮੀਨ ਹੇਠਾਂ ਦੇ ਢਾਂਚੇ ਦੇ ਮਾਲਕਾਂ ਵਿਚਕਾਰ ਦੀ ਕੜੀ ਹੈ। BC 1 Call ਨਾਲ ਸੰਪਰਕ ਕਰਕੇ, ਨਿੱਜੀ ਜ਼ਮੀਨ ਮਾਲਕ ਅਤੇ ਵਪਾਰਕ ਖੁਦਾਈ ਕਰਨ ਵਾਲੇ ਵਿਅਕਤੀਗਤ ਚੋਟ ਅਤੇ ਜਾਇਦਾਦ ਦੇ ਨੁਕਸਾਨ ਦੇ ਜੋਖਮ ਨੂੰ ਘਟਾਉਂਦੇ ਹਨ। BC 1 Call ਦੇ ਬ੍ਰਿਟਿਸ਼ ਕੋਲੰਬੀਆ ਭਰ ਵਿੱਚ 360 ਤੋਂ ਵੱਧ ਮੈਂਬਰ ਹਨ ਜਿਨ੍ਹਾਂ ਵਿੱਚ ਨਗਰ ਨਿਗਮ, ਸੰਚਾਰ ਸੇਵਾ ਪ੍ਰਦਾਤਾ, ਗੈਸ ਅਤੇ ਪਾਈਪਲਾਈਨ ਕੰਪਨੀਆਂ ਅਤੇ ਸਿੰਚਾਈ ਅਤੇ ਸੁਧਾਰ ਜ਼ਿਲ੍ਹੇ ਸ਼ਾਮਲ ਹਨ। BC 1 Call ਨੂੰ ਇੱਕ ਸਵੈਚਾਵਿਕ ਬੋਰਡ ਆਫ਼ ਡਾਇਰੈਕਟਰਜ਼ ਦੁਆਰਾ ਸੰਚਾਲਿਤ ਕੀਤਾ ਜਾਂਦਾ ਹੈ ਅਤੇ ਇਸਨੂੰ BC ਐਨਰਜੀ ਰੈਗੂਲੇਟਰ (ਪਹਿਲਾਂ BC ਆਇਲ ਅਤੇ ਗੈਸ ਕਮਿਸ਼ਨ), ਨੈਸ਼ਨਲ ਐਨਰਜੀ ਬੋਰਡ, ਟੈਕਨੀਕਲ ਸੇਫਟੀ BC ਅਤੇ WorkSafe BC ਦਾ ਸਮਰਥਨ ਪ੍ਰਾਪਤ ਹੈ।

**ਹੋਰ ਉਦਧਰਣ**

- "ਵੈਨਕੂਵਰ ਆਈਲੈਂਡ ਕੰਸਟਰਕਸ਼ਨ ਐਸੋਸੀਏਸ਼ਨ (VICA) ਸੁਰੱਖਿਅਤ ਖੁਦਾਈ ਮਹੀਨੇ ਲਈ ਇੱਕ ਮਜ਼ਬੂਤ ਹਮਾਇਤੀ ਹੈ ਅਤੇ ਸਾਡੇ ਮੈਂਬਰਾਂ ਨੂੰ ਸੁਰੱਖਿਅਤ ਅਤੇ ਜ਼ਿੰਮੇਵਾਰੀ ਨਾਲ ਨਿਰਮਾਣ ਕਰਨ ਦੇ ਤਰੀਕੇ ਸਿੱਖਣ ਲਈ ਵਚਨਬੱਧ ਹੈ, ਬਿਨਾਂ ਉਹਨਾਂ ਭਾਈਚਾਰਿਆਂ ਨੂੰ ਪ੍ਰੇਸ਼ਾਨ ਕੀਤੇ ਜਿਨ੍ਹਾਂ ਨੂੰ ਅਸੀਂ ਸੇਵਾ ਦਿੰਦੇ ਹਾਂ," ਰੋਰੀ ਕੁਲਮਾਲਾ, ਮੁੱਖ ਕਾਰਜਕਾਰੀ ਅਧਿਕਾਰੀ ਆਫ਼ VICA ਨੇ ਕਿਹਾ। "ਅਸੀਂ VICA ਮੈਂਬਰਾਂ ਅਤੇ ਵੈਨਕੂਵਰ ਆਈਲੈਂਡ ਦੇ ਨਿਰਮਾਣ ਭਾਈਚਾਰੇ ਨਾਲ ਮਿਲ ਕੇ ਕੰਮ ਜਾਰੀ ਰੱਖਣ ਦੀ ਉਮੀਦ ਕਰਦੇ ਹਾਂ ਤਾਂ ਜੋ ਉਹਨਾਂ ਕੋਲ ਸੁਰੱਖਿਅਤ ਖੁਦਾਈ ਲਈ ਲੋੜੀਂਦੇ ਸਾਧਨ ਅਤੇ ਸਰੋਤ ਉਪਲਬਧ ਹੋਣ।"

- "WorkSafeBC ਖੁਦਾਈ ਦੇ ਕੰਮਾਂ ਵਿੱਚ ਲੱਗੇ ਸਾਰੇ ਵਿਅਕਤੀਆਂ ਅਤੇ ਮਾਲਿਕਾਂ ਨੂੰ ਕਾਮਿਆਂ ਦੀ ਸੁਰੱਖਿਆ ਨੂੰ ਪਹਿਲ ਦੇਣ ਦੀ ਅਪੀਲ ਕਰਦਾ ਹੈ। ਖੁਦਾਈ ਕਰਨ ਤੋਂ ਪਹਿਲਾਂ BC 1 Call ਨਾਲ ਸੰਪਰਕ ਕਰਨਾ ਸਿਰਫ ਇੱਕ ਨਿਯਮਿਤ ਜ਼ਰੂਰਤ ਹੀ ਨਹੀਂ ਹੈ — ਇਹ ਜ਼ਿੰਦਗੀਆਂ ਦੀ ਸੁਰੱਖਿਆ ਦਾ ਇੱਕ ਮਹੱਤਵਪੂਰਣ ਕਦਮ ਹੈ। ਜ਼ਮੀਨ ਹੇਠਾਂ ਦੀਆਂ ਯੂਟਿਲਿਟੀ ਲਾਈਨਾਂ ਨੂੰ ਮਾਰਨਾ ਕਾਮਿਆਂ ਦੀ ਭਲਾਈ ਲਈ ਖਤਰਨਾਕ ਹੈ ਅਤੇ ਭਾਈਚਾਰੇ ਦੇ ਢਾਂਚੇ ਅਤੇ ਜਨਤਕ ਸੁਰੱਖਿਆ ਨੂੰ ਖਤਰੇ ਵਿੱਚ ਪਾਉਂਦਾ ਹੈ। ਪਰ ਇਹ 100 ਪ੍ਰਤੀਸ਼ਤ ਰੋਕਿਆ ਜਾ ਸਕਦਾ ਹੈ। ਆਓ ਸਾਨੂੰ ਸਾਰਿਆਂ ਨੂੰ ਇਹ ਸਾਂਝੀ ਪ੍ਰਤੀਬੱਧਤਾ ਬਣਾਈਏ ਕਿ ਅਸੀਂ ਖੁਦਾਈ ਕਰਨ ਤੋਂ ਪਹਿਲਾਂ ਕਾਲ ਕਰਾਂਗੇ, ਸਾਰੀਆਂ ਜ਼ਰੂਰਤਾਂ ਦੀ ਪਾਲਣਾ ਕਰਾਂਗੇ, ਅਤੇ ਸਾਰਿਆਂ ਲਈ ਇੱਕ ਸੁਰੱਖਿਅਤ ਵਾਤਾਵਰਣ ਯਕੀਨੀ ਬਣਾਵਾਂਗੇ।" – ਸੁਜ਼ਾਨਾ ਪ੍ਰਿਕ, ਸੀਨੀਅਰ ਮੈਨੇਜਰ, ਪ੍ਰਿਵੈਂਸ਼ਨ ਫੀਲਡ ਸਰਵਿਸਿਜ਼, WorkSafeBC

**ਮੀਡੀਆ ਸੰਪਰਕ:**

ਹੋਲੀ ਹੈਰੀਸਨ

ਕਾਰਪੋਰੇਟ ਕਮਿਊਨਿਕੇਸ਼ਨ ਸਪੈਸ਼ਲਿਸਟ

FortisBC

ਫੋਨ: 604-209-8031

ਈਮੇਲ: holly.harrison@fortisbc.com

fortisbc.com

@fortisbc

24 ਘੰਟੇ ਮੀਡੀਆ ਲਾਈਨ: 1-855-FBC-NEWS ਜਾਂ 1-855-322-6397

ਅਮਾਂਡਾ ਮੁਨਰੋ

BC 1 Call

ਫੋਨ: 604-360-3994

ਈਮੇਲ: communications@bc1c.ca

**ਪਿਛੋਕੜ ਦੀ ਜਾਣਕਾਰੀ**

BC 1 Call ਬਾਰੇ:

- BC 1 Call ਨੂੰ ਲੋਕੇਟ ਬੇਨਤੀ ਕੰਮ ਸ਼ੁਰੂ ਹੋਣ ਤੋਂ ਘੱਟੋ-ਘੱਟ ਤਿੰਨ ਕਾਰੋਬਾਰੀ ਦਿਨ ਪਹਿਲਾਂ ਜਮ੍ਹਾਂ ਕਰਵਾਈ ਜਾਣੀ ਚਾਹੀਦੀ ਹੈ, ਤਾਂ ਜੋ ਮੈਂਬਰ ਘਰ ਮਾਲਕਾਂ ਅਤੇ ਠੇਕੇਦਾਰਾਂ ਨੂੰ ਲੋੜੀਂਦੀ ਜਾਣਕਾਰੀ ਮੁਹੱਈਆ ਕਰਨ ਲਈ ਕਾਫੀ ਸਮਾਂ ਮਿਲ ਸਕੇ।
- BC 1 Call ਦੀ ਸੇਵਾ ਅਤੇ ਮੈਂਬਰਾਂ ਦੁਆਰਾ ਭੇਜੀ ਗਈ ਜਾਣਕਾਰੀ ਦੋਵੇਂ 100 ਪ੍ਰਤੀਸ਼ਤ ਮੁਫ਼ਤ ਹਨ।
- ਜਦੋਂ ਕੋਈ ਵਿਅਕਤੀ BC 1 Call 'ਤੇ ਕਲਿੱਕ ਜਾਂ ਕਾਲ ਕਰਕੇ ਲੋਕੇਟ ਟਿਕਟ ਦੀ ਬੇਨਤੀ ਕਰਦਾ ਹੈ, ਇਹ ਯੂਟਿਲਿਟੀ ਮਾਲਕਾਂ ਨੂੰ ਸੂਚਿਤ ਕਰਦਾ ਹੈ ਕਿ ਉਹ ਖੁਦਾਈ ਵਾਲੇ ਖੇਤਰ ਵਿੱਚ ਜ਼ਮੀਨ ਹੇਠਾਂ ਕੀ ਹੈ ਅਤੇ ਢਾਂਚੇ ਨੂੰ ਕਿਵੇਂ ਸੁਰੱਖਿਅਤ ਤਰੀਕੇ ਨਾਲ ਮਾਰਨ ਤੋਂ ਬਚਾਇਆ ਜਾ ਸਕਦਾ ਹੈ, ਬਾਰੇ ਚਿੱਤਰ ਅਤੇ ਜਾਣਕਾਰੀ ਸਾਂਝੀ ਕਰਨ ਲਈ ਉਤਸ਼ਾਹਿਤ ਕਰਦਾ ਹੈ।
- ਖੁਦਾਈਕਾਰ ਤਬ ਤੱਕ ਖੁਦਾਈ ਲਈ ਸਾਫ਼ ਨਹੀਂ ਹਨ ਜਦ ਤੱਕ ਉਹਨਾਂ ਸਾਰੀਆਂ ਯੂਟਿਲਿਟੀਆਂ ਤੋਂ ਜਵਾਬ ਨਾ ਮਿਲ ਜਾਵੇ ਜਿਨ੍ਹਾਂ ਤੋਂ ਉਹਨਾਂ ਨੂੰ ਸੁਣਨ ਦੀ ਉਮੀਦ ਕੀਤੀ ਜਾਂਦੀ ਹੈ।

**ਗੈਸ ਸੁਰੱਖਿਆ ਬਾਰੇ:**

- ਜੇਕਰ ਤੁਸੀਂ ਸੜੇ ਆਂਡਿਆਂ ਵਰਗੀ ਬੂ ਮਹਿਸੂਸ ਕਰਦੇ ਹੋ ਜਾਂ ਗੈਸ ਲੀਕ ਹੋਣ ਦੀ ਆਵਾਜ਼ ਸੁਣਦੇ ਹੋ, ਆਪਣਾ ਕੰਮ ਰੋਕੋ, ਬਾਹਰ ਜਾਓ ਅਤੇ 9-1-1 'ਤੇ ਡਾਇਲ ਕਰੋ ਜਾਂ FortisBC ਦੀ 24 ਘੰਟੇ ਐਮਰਜੈਂਸੀ ਲਾਈਨ 'ਤੇ 1-800-663-9911 'ਤੇ ਕਾਲ ਕਰੋ।
- ਗੈਸ ਇੱਕ ਸੁਰੱਖਿਅਤ ਅਤੇ ਭਰੋਸੇਯੋਗ ਊਰਜਾ ਹੈ। ਇਹ ਹਵਾ ਨਾਲੋਂ ਹਲਕੀ ਹੁੰਦੀ ਹੈ ਜਦੋਂ ਬਾਹਰ ਹੁੰਦੀ ਹੈ, ਇਸ ਲਈ ਜਦੋਂ ਇਹ ਬਾਹਰ ਕਿਸੇ ਲਾਈਨ ਤੋਂ ਵੈਂਟ ਜਾਂ ਲੀਕ ਹੁੰਦੀ ਹੈ ਤਾਂ ਇਹ ਉੱਪਰ ਚੜ੍ਹ ਕੇ ਜਲਦੀ ਘੁਲ ਜਾਂਦੀ ਹੈ।
- ਗੈਸ ਕੁਦਰਤੀ ਤੌਰ 'ਤੇ ਬਿਨਾਂ ਗੰਧ ਵਾਲੀ ਹੁੰਦੀ ਹੈ, ਇਸ ਲਈ FortisBC ਇਸ ਵਿੱਚ ਇੱਕ ਤੇਜ਼ ਗੰਧ ਵਾਲਾ ਮਰਕੈਪਟਨ ਨਾਮਕ ਪਦਾਰਥ ਦੀ ਥੋੜ੍ਹੀ ਮਾਤਰਾ ਮਿਲਾਉਂਦਾ ਹੈ ਜੋ ਗੈਸ ਨੂੰ ਸੜੇ ਆਂਡਿਆਂ ਵਰਗੀ ਗੰਧ ਦਿੰਦਾ ਹੈ ਤਾਂ ਜੋ ਬ੍ਰਿਟਿਸ਼ ਕੋਲੰਬੀਅਨ ਇਸ ਨੂੰ ਆਸਾਨੀ ਨਾਲ ਪਛਾਣ ਸਕਣ।
- ਗੈਸ ਸੁਰੱਖਿਆ ਬਾਰੇ ਹੋਰ ਜਾਣਕਾਰੀ ਲਈ fortisbc.com/safety 'ਤੇ ਜਾਓ।

**ਅੰਡਰਗ੍ਰਾਊਂਡ ਢਾਂਚੇ ਅਤੇ ਨੁਕਸਾਨ ਦੀਆਂ ਘਟਨਾਵਾਂ ਬਾਰੇ:**

- 2022 ਦੀ ਨੁਕਸਾਨ ਜਾਣਕਾਰੀ ਰਿਪੋਰਟਿੰਗ ਟੂਲ (DIRT) ਰਿਪੋਰਟ ਅਨੁਸਾਰ, ਖੁਦਾਈ/ਨਿਰਮਾਣ ਸਟੇਕਹੋਲਡਰਾਂ ਨੇ 2022 ਵਿੱਚ ਪਹਿਲੀ ਵਾਰ ਨੁਕਸਾਨ ਦੀਆਂ ਰਿਪੋਰਟਾਂ ਦਾ ਮੁੱਖ ਸਰੋਤ ਬਣਾਇਆ।
- ਠੇਕੇਦਾਰਾਂ ਨੇ ਅੱਧੇ ਤੋਂ ਵੱਧ ਨੁਕਸਾਨਾਂ ਵਿੱਚ ਹਿੱਸਾ ਲਿਆ ਜਦੋਂ ਉਹ ਟੈਲੀਕਮਿਊਨੀਕੇਸ਼ਨ ਅਤੇ ਗੈਸ ਦੇ ਕੰਮ ਨੂੰ ਪੂਰਾ ਕਰ ਰਹੇ ਸਨ, ਜਿਸ ਕਾਰਨ ਇਹ ਅੰਡਰਗ੍ਰਾਊਂਡ ਯੁਟਿਲਿਟੀਆਂ 2022 ਵਿੱਚ ਸਭ ਤੋਂ ਵੱਧ ਨੁਕਸਾਨ ਵਾਲੀਆਂ ਬਣੀਆਂ (ਪੰਨਾ 7)।
- ਅੰਡਰਗ੍ਰਾਊਂਡ ਢਾਂਚੇ ਨੂੰ ਨੁਕਸਾਨ ਪਹੁੰਚਾਉਣ ਵਾਲੇ ਆਮ ਘਰੇਲੂ ਸੁਧਾਰ ਪ੍ਰੋਜੈਕਟਾਂ ਵਿੱਚ ਸ਼ਾਮਲ ਹਨ:
- ਬਾੜਾਂ, ਮੇਲਬਾਕਸ, ਰੀਅਲਟਰ ਸਾਈਨ, ਸਵਾਗਤ ਸਾਈਨ ਆਦਿ ਲਈ ਪੋਸਟਾਂ ਦੀ ਸਥਾਪਨਾ।
- ਡੈਕ, ਰਿਟੇਨਿੰਗ ਵਾਲ ਅਤੇ ਪੈਟੀਓ ਬਣਾਉਣਾ ਅਤੇ ਫਾਇਰ ਪਿਟਾਂ ਦੀ ਸਥਾਪਨਾ।
    - ਰੁੱਖ ਲਗਾਉਣਾ ਅਤੇ ਬਾਗ ਖੋਦਣਾ।
    - ਪਲੇਗਰਾਊਂਡ ਉਪਕਰਣ ਨੂੰ ਲੰਗਰ ਕਰਨਾ।
    - ਡ੍ਰਾਈਵਵੇਅ ਹੀਟਿੰਗ ਸਿਸਟਮ ਦੀ ਸਥਾਪਨਾ।
    - ਪਾਣੀ ਅਤੇ ਸੀਵਰ ਸਿਸਟਮ ਦੀ ਸਥਾਪਨਾ।
- ਜ਼ਮੀਨ ਹੇਠਲਾ ਢਾਂਚਾ ਜਿਸ ਵਿੱਚ ਸ਼ਾਮਲ ਹਨ: ਤੇਲ ਅਤੇ ਗੈਸ (ਕੁਦਰਤੀ ਗੈਸ ਜਾਂ ਪ੍ਰੋਪੇਨ), ਪਾਣੀ ਅਤੇ ਸੀਵਰੇਜ, ਬਿਜਲੀ ਅਤੇ ਟੈਲੀਕਮਿਊਨੀਕੇਸ਼ਨ ਸੇਵਾਵਾਂ ਨੂੰ ਬੀ.ਸੀ. ਭਰ ਵਿੱਚ ਲਿਜਾਉਣ ਲਈ ਵਰਤੇ ਜਾਂਦੇ ਪਾਈਪ ਅਤੇ ਕੇਬਲ। ਇਹ ਸਾਰੇ ਰੋਜ਼ਾਨਾ ਜੀਵਨ ਲਈ ਅਨਿਵਾਰਿ ਹਨ
- ਕੁਝ ਜ਼ਮੀਨ ਹੇਠਲੇ ਢਾਂਚੇ ਸਤਹ ਤੋਂ ਇੱਕ ਫੁੱਟ ਤੋਂ ਵੀ ਘੱਟ ਹੇਠਾਂ ਹੋ ਸਕਦੇ ਹਨ, ਇਹ ਜ਼ਮੀਨ ਦੇ ਸਮਤਲ ਕੰਮ ਅਤੇ ਕਟਾਅ ਉਪਰੰਤ ਹੋਏ ਕਿਸੇ ਵੀ ਕਿਸਮ ਦੇ ਕਟਾਵ ਦੇ ਆਧਾਰ 'ਤੇ ਨਿਰਭਰ ਕਰਦਾ ਹੈ।